Punjabi

## ਮਹੱਤਵਪੂਰਨ ਜਾਣਕਾਰੀ
## ਜੇਕਰ ਤੁਹਾਡੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਹਨ

ਆਂਟੇਰੀਓ ਚਾਇਲ਼ਡ ਬੈਨਿਫ਼ਿਟ (OCB) ਇੱਕ ਨਵਾਂ ਪ੍ਰੋਗਰਾਮ ਹੈ ਜੋ ਘੱਟ ਆਮਦਨੀ ਵਾਲੇ ਪਰਿਵਾਰਾਂ ਦੀ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਕਰਨ 'ਤੇ ਆਉਣ ਵਾਲੇ ਖ਼ਰਚ ਵਿੱਚ ਮਦਦ ਕਰਦਾ ਹੈ।

18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਲੇ ਆਂਟੇਰੀਓ ਦੇ ਵਸਨੀਕ ਆਪਣੀ ਆਮਦਨੀ ਦੇ ਆਧਾਰ 'ਤੇ ਜੁਲਾਈ 2008 ਵਿੱਚ ਸ਼ੁਰੂ ਹੋਣ ਵਾਲੇ ਓ ਸੀ ਬੀ (OCB) ਦੇ ਬਾਕਾਇਦਾ ਲਾਭ ਲੈਣ ਦੇ ਯੋਗ ਹੋ ਸਕਦੇ ਹਨ।

ਯੋਗ ਹੋਣ ਲਈ **ਲਾਜ਼ਮੀ** ਹੈ:

- ਤੁਹਾਡਾ 18 ਸਾਲ ਤੋਂ ਘੱਟ ਉਮਰ ਦਾ ਬੱਚਾ ਹੋਵੇ
- ਤੁਸੀਂ ਆਂਟੇਰੀਓ ਦੇ ਵਸਨੀਕ ਹੋਵੋ
- **ਤੁਸੀਂ ਆਪਣੀ ਆਮਦਨੀ ਕਰ ਦੀ ਰੀਟਰਨ ਭਰਦੇ ਹੋਵੋ**
- ਤੁਸੀਂ ਕੈਨੇਡਾ ਚਾਇਲ਼ਡ ਟੈਕਸ ਬੈਨਿਫ਼ਿਟ (CCTB) ਲਈ ਰਜਿਸਟਰ ਕਰਵਾਉ

### ਤੁਹਾਡੇ ਆਂਟੇਰੀਓ ਵਰਕਸ ਬੈਨਿਫ਼ਿਟਸ 'ਤੇ ਇਸ ਦਾ ਕੀ ਅਸਰ ਪਵੇਗਾ?

- ਅਗਸਤ 1, 2008 ਤੋਂ ਤੁਹਾਨੂੰ ਆਪਣੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਆਂਟੇਰੀਓ ਵਰਕਸ ਵੱਲੋਂ ਦਿੱਤੀਆਂ ਜਾਂਦੀਆ ਬਨਿਆਦੀ ਲੋੜਾਂ, ਜਿਵੇਂ ਕਿ ਸਰਦੀਆ ਵਾਲੇ ਕੱਪੜੇ ਜਾਂ ਸਕੂਲ ਵਾਪਸ ਜਾਣ ਦੇ ਭੱਤੇ **ਨਹੀਂ** ਮਿਲਣਗੇ। ਇਹ ਲਾਭ ਤੁਹਾਡੀ ਮਾਸਿਕ ਓ ਸੀ ਬੀ (OCB) ਅਦਾਇਗੀ ਵਿੱਚ ਸ਼ਾਮਲ ਕਰ ਦਿੱਤੇ ਜਾਣਗੇ।

- ਆਂਟੇਰੀਓ ਵਰਕਸ ਤਹੁਾਡੇ ਬੱਚਿਆਂ ਲਈ ਸ਼ਰਨ ਦੇਣ ਦੇ ਭੱਤੇ (ਸ਼ੈਲਟਰ ਅਲਾਊਂਸ), ਸਿਹਤ ਅਤੇ ਦੰਦਾਂ ਦੀ ਸੰਭਾਲ ਦੇ ਲਾਭ ਦੇਣੇ ਜਾਰੀ ਰੱਖੇਗਾ।

- ਅਗਸਤ 2008 ਤੋਂ ਤੁਹਾਡੇ ਆਂਟੇਰੀਓ ਵਰਕਸ ਦੇ ਚੈੱਕ ਵਿੱਚੋਂ ਨੈਸ਼ਨਲ ਚਾਇਲ਼ਡ ਬੈਨਿਫ਼ਿਟ ਸਪਲੀਮੈਂਟ (NCBS) ਦੀ ਅਦਾਇਗੀ ਦੀ ਕਟੌਤੀ ਨਹੀਂ ਕੀਤੀ ਜਾਇਆ ਕਰੇਗੀ।

### ਕੀ ਆਂਟੇਰੀਓ ਚਾਇਲ਼ਡ ਬੈਨਿਫ਼ਿਟ ਬਾਰੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ?

ਰੈਵਿਨਿਯੂ ਕੈਨੇਡਾ ਨੂੰ 1-888-789-4199, ਟੀਟੀਵਾਈ 1-800-387-5559 'ਤੇ ਫੋਨ ਕਰੋ
ਜਾਂ www.OntarioChildBenefit.ca ਵੇਖੋ।